ਸਾਹਿਤਕ ਕਵੀ, ਕਹਾਣੀਕਾਰ,
ਲੇਖਕ ਅਤੇ
ਗੀਤ ਸੰਗੀਤ ਵਿੱਚ ਰੁਚੀ
ਰੱਖਣ ਵਾਲਿਆਂ ਲਈ
ਫੋਟੋ ਅਤੇ ਆਪਣੀ ਨਿੱਜੀ
ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ


ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਵਿਸ਼ਵ ਪੰਜਾਬੀ ਭਵਨ ਵਿਖੇ ਆਯੋਜਿਤ ਕਲਾਂ ਪ੍ਰਦਰਸ਼ਨੀ ਰਹੀ ਖ਼ਾਸ ਖਿੱਚ ਦਾ ਕੇਂਦਰ





ਬਰੈਂਪਟਨ 12 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) -ਬਰੈਂਪਟਨ ਵਿਖੇ ਸਭਰੰਗ ਆਰਟਸ ਦੇ ਡਾ. ਅਮਨ ਤੇ ਰਮਨ ਅਗਰੋਆ ਅਤੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਦੇ ਵਿਸ਼ੇਸ਼ ਉਪਰਾਲੇ ਨਾਲ ਵਿਸ਼ਵ ਪੰਜਾਬੀ ਭਵਨ ਵਿੱਚ ਇੱਕ ਕਲਾਂ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿਚ ਆਰਟਿਸਟ ਜਸਵੰਤ ਸਿੰਘ ਅਤੇ ਹਰਜਿੰਦਰ ਸਿੰਘ ਦੀਆ ਕਲਾ ਕ੍ਰਿਤਾਂ ਦੇਖਣ ਨੂੰ ਮਿਲੀਆਂ। ਇਸੇ ਸ਼ਾਮ "ਮੀਟ ਦੀ ਆਰਟਿਸਟ "ਨਾਮ ਹੇਠ ਇਕ ਟੌਕ ਸ਼ੋ ਵੀ ਕਰਵਾਇਆ ਗਿਆ ਜਿਸ ਨੂੰ ਸ਼ਮੀਲ ਜਸਵੀਰ ਨੇ ਹੋਸਟ ਕੀਤਾ।

ਇਸ ਪ੍ਰੋਗਰਾਮ ਵਿੱਚ ਕਈ ਜਾਣੀ ਮਾਣੀ ਸ਼ਖਸ਼ੀਅਤਾਂ ਵਿੱਚ ਬਿਜਨਸਮੈਨ ਅਤੇ ਬਹੁਤ ਸਾਰੇ ਕਲਾ ਪ੍ਰੇਮੀ ਆਰਟਿਸਟਾਂ ਦੀਆਂ ਪੇਂਟਿੰਗਾਂ ਦੀ ਸ਼ਲਾਂਘਾ ਕਰਦੇ ਨਜ਼ਰ ਆਏ। ਬਰੈਂਮਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਉਨਟਾਰੀਓ ਦੇ ਟਰਾਂਸਪੋਰਟ ਮਨਿਸਟਰ ਪ੍ਰਬਮੀਤ ਸਰਕਾਰੀਆ ਨੇ ਵੀ ਸ਼ਿਰਕਤ ਕੀਤੀ ਅਤੇ ਇਸ ਕਲਾ ਪ੍ਰਦਰਸ਼ਨੀ ਦਾ ਅਨੰਦ ਮਾਣਿਆਂ।

ਆਰਟਿਸਟਾਂ ਨਾਲ ਗੱਲਬਾਤ ਕਰਦੇ ਸਥਾਨਕ ਸਾਊਥ ਏਸ਼ੀਅਨ ਟੀ.ਵੀ, ਰੇਡੀਓ ਅਤੇ ਅਖ਼ਬਾਰਾਂ ਦੇ ਨੁਮਾਇੰਦਿਆਂ ਸਮੇਤ ਕੁਝ ਮੇਨਸਟਰੀਮ ਟੀ.ਵੀ ਚੈਨਲਾਂ ਦੇ ਕੈਮਰਿਆਂ ਵਾਲੇ ਵੀ ਇਸ ਕਲਾ ਪ੍ਰਦਰਸ਼ਨੀ ਵਿੱਚ ਦੇਖੇ ਗਏ।

ਮੇਨ ਹਾਲ ਵਿੱਚ ਹੋਈ ਗੱਲਬਾਤ ਦੀ ਸ਼ੁਰੂਆਤ ਸ਼ਮੀਲ ਨੇ ਪੱਛਮੀ ਅਤੇ ਭਾਰਤੀ ਨਾਮਵਰ ਕਲਾਕਾਰਾਂ ਦੀਆਂ ਪ੍ਰਸਿੱਧ ਅਤੇ ਮਹਿੰਗੀਆਂ ਤਸਵੀਰਾਂ ਬਾਰੇ ਜਾਣਕਾਰੀ ਦੇਣ ਨਾਲ ਕੀਤੀ। ਦੋਨੋਂ ਆਰਟਿਸਟ ਕਿਸ ਸੋਚ ਨਾਲ ਆਪਣੇ ਕੰਮਾਂ ਦੀ ਸਿਰਜਣਾਂ ਕਰਦੇ ਹਨ ਇਸ ਬਾਰੇ ਵੀਡੀਓ ਦਿਖਾਈਆਂ ਗਈਆਂ। ਆਰਟਿਸਟਾਂ ਵੱਲੋ ਕਲਾ ਉਪਰ ਚਰਚਾ ਕੀਤੀ ਗਈ। ਪੰਜਾਬੀਆਂ ਦੇ ਘਰਾਂ ਅਤੇ ਦਫਤਰਾਂ ਵਿੱਚ ਵਧੀਆ ਕਲਾਕ੍ਰਿਤਾਂ ਦਾ ਨਾ ਦਿਖਣਾਂ ਅਤੇ ਚਿੱਤਰਕਾਰੀ ਵੱਲ ਰੁਝਾਨ ਦੀ ਘਾਟ ਬਾਰੇ ਵਿਚਾਰ ਹੋਈ। ਜੀਵਨੀ ਵਿੱਚ ਕਲਾ ਦਾ ਮਹੱਤਵ ਅਤੇ ਜ਼ਰੂਰਤ ਬਾਰੇ ਵੀ ਗੱਲਬਾਤ ਕੀਤੀ ਗਈ ਅਤੇ ਦੋਨਾਂ ਆਰਟਿਸਟਾਂ ਵੱਲੋ ਪਹੁੰਚੇ ਹੋਏ ਕਲਾ ਪ੍ਰੇਮੀਆਂ ਦੇ ਸੁਆਲਾਂ ਦੇ ਜੁਆਬ ਵੀ ਦਿਤੇ ਗਏ। ਦਰਸ਼ਕਾਂ ਦੇ ਸਾਹਮਣੇ ਸਟੇਜ ਤੇ ਹਰਜਿੰਦਰ ਸਿੰਘ ਨੇ ਸਿਰਫ ਦੋ ਮਿੰਟ ਵਿੱਚ ਇੱਕ ਖ਼ੂਬਸੂਰਤ ਸਕੈਚ ਬਣਾ ਕੇ ਦਿਖਾਇਆ ਜਿਸ ਕਰਕੇ ਇਹ ਪ੍ਰੋਗਰਾਮ ਹੋਰ ਵੀ ਰੋਚਕ ਬਣ ਗਿਆ। ਇਹ ਪ੍ਰਦਰਸ਼ਨੀ ਅਤੇ ਟੌਕ ਸ਼ੋ ਆਪਣੇ ਆਪ ਵਿਚ ਬਹੁਤ ਨਿਵੇਕਲਾ ਅਤੇ ਦਿਲਚਸਪ ਸੀ।

RE/MAX GOLD COAST REALTORS
RE/MAX GOLD
• FREE HOME EVALUATION • FREE VIRTUAL TOUR
• FREE STAGING CONSULTATION
(905) 673-8500
TeamGetSold@outlook.com
2720 N Park Dr Unit 50, Brampton, OW 188 DER
If You Are Satisfied With My Services, Don't Keep It A Secret. Thanks For Your Trust

AMYRA ACADEMY
Hair & Esthetics
Our Courses
1 HAIR STYLING DIPLOMA
2 MEDICAL ESTHETICS DIPLOMA
905-399-6110 , 647-713-3133
amyraacademy@outlook.com
www.amyraacademy.com
114 Kennedy Road Unit 2 Brampton Ontario, L6W 3E7
amyraacademy
amyraacademy

HOMELIFE HIGHER STANDARDS
Homelife Silvercity Realty Inc., Brokerage
KANWAR BRAR
Broker
Direct: 416-737-4971
Office: 905.913.8500
Email: kanwarjitbrar@hotmail.com
11775 Bramalea Rd # 201, Brampton, Ontario L6R 3Z4
"Success Is Never Final"

# ਵਿਸ਼ਵ ਪੰਜਾਬੀ ਭਵਨ ਵਿਖੇ ਆਯੋਜਿਤ ਕਲਾਂ ਪ੍ਰਦਰਸ਼ਨੀ ਦੀਆਂ ਝਲਕੀਆਂ










































# ਪ੍ਰੈਗਨੈਂਸੀ ਤੋਂ ਪਹਿਲਾਂ ਮਿਸਕੈਰਿਜ ਦੇ ਖ਼ਤਰੇ ਦਾ ਲੱਗੇਗਾ ਪਤਾ

ਦਿੱਲੀ 12 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਚੀਨੀ ਖੋਜਕਰਤਾਵਾਂ ਦੀ ਇੱਕ ਖ਼ੋਜ ਸਾਹਮਣੇ ਆਈ ਹੈ, ਜਿਸ ਵਿੱਚ AI ਮਾਡਲ ਦੀ ਮਦਦ ਨਾਲ ਪ੍ਰੈਗਨੈਂਸੀ ਤੋਂ ਪਹਿਲਾਂ ਮਿਸਕੈਰਿਜ ਦੇ ਖ਼ਤਰੇ ਦਾ ਪਤਾ ਲਗਾਇਆ ਜਾ ਸਕਦਾ ਹੈ। ਪੇਇਚਿੰਗ ਯੂਨੀਵਰਸਿਟੀ ਵਿੱਚ ਕੈਮਿਸਟਰੀ ਵਿਭਾਗ ਵਿੱਚ ਪ੍ਰੋਫੈਸਰ ਡਾ. ਲੀ ਵੇਈ ਦੀ ਅਗਵਾਈ ਵਿੱਚ, ਟੀਮ ਨੇ XGBoost ਨਾਮਕ ਮਸ਼ੀਨ ਲਰਨਿੰਗ ਐਲਗੋਰਿਦਮ ਦੀ ਵਰਤੋਂ ਕਰਕੇ AI ਮਾਡਲ ਵਿਕਸਿਤ ਕੀਤਾ। ਖ਼ੋਜ ਵਿੱਚ ਦਿਖਾਇਆ ਹੈ ਕਿ ਸੀਰਮ ਮੈਟਾਬੋਲਾਈਟਸ, ਖਾਸ ਤੌਰ 'ਤੇ ਹਿਸਟਿਡਾਈਨ ਦੇ ਪੱਧਰਾਂ ਦਾ ਵਿਸ਼ਲੇਸ਼ਣ ਕਰਕੇ XGBoost ਦੀ ਸੰਭਾਵਨਾ ਦੱਸ ਸਕਦਾ ਹੈ। ਇਹ ਖ਼ੋਜ 'ਜਰਨਲ ਆਫ਼ ਰੀਪ੍ਰੋਡਕਟਿਵ ਮੈਡੀਸਨ' ਵਿੱਚ ਪ੍ਰਕਾਸ਼ਿਤ ਹੋਈ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਕੁਝ ਖ਼ਾਸ ਮੈਟਾਬੋਲਾਈਟਸ ਦਾ ਪੱਧਰ ਜਿਵੇਂ ਕਿ ਹਿਸਟਿਡਾਈਨ ਜ਼ੇਕਰ ਜ਼ਿਆਦਾ ਹੋਵੇ ਤਾਂ ਮਿਸਕੈਰਿਜ ਦਾ ਖ਼ਤਰਾ ਵਧ ਸਕਦਾ ਹੈ। ਡਾ.ਲੀ ਦੀ ਟੀਮ ਨੇ ਇੱਕ




ਇੰਟਰਐਕਟਿਵ ਪਲੇਟਫਾਰਮ ਵੀ ਵਿਕਸਤ ਕੀਤਾ ਹੈ, ਜਿੱਥੇ ਔਰਤਾਂ ਆਪਣੀ ਸਿਹਤ ਦੀ ਜਾਣਕਾਰੀ ਦਰਜ਼ ਕਰਕੇ ਮਿਸਕੈਰਿਜ ਦੇ ਜੋਖ਼ਮ ਦਾ ਅੰਦਾਜ਼ਾ ਲਗਾ ਸਕਦੀਆਂ ਹਨ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜਿਨ੍ਹਾਂ ਔਰਤਾਂ ਦੇ ਦੋ ਤੋਂ ਜ਼ਿਆਦਾ ਮਿਸਕੈਰਿਜ ਹੋ ਚੁੱਕੇ ਹਨ, ਉਨ੍ਹਾਂ 'ਚ ਮਿਸਕੈਰਿਜ ਦਾ ਖ਼ਤਰਾ ਆਮ ਔਰਤਾਂ ਦੇ ਮੁਕਾਬਲੇ ਦੁੱਗਣਾ ਹੁੰਦਾ ਹੈ। ਹਾਲਾਂਕਿ, ਇਸ AI ਮਾਡਲ ਨਾਲ ਨੈਤਿਕ ਚੁਣੌਤੀਆਂ ਵੀ ਹਨ। ਖੋਜਕਰਤਾਵਾਂ ਨੇ ਕਿਹਾ ਕਿ ਅਜਿਹੇ ਪਲੇਟਫਾਰਮ 'ਤੇ ਡਾਟਾ ਸੁਰੱਖਿਆ ਸਭ ਤੋਂ ਵੱਡੀ ਚੁਣੌਤੀ ਹੈ। ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਕੋਈ ਵੀ ਔਰਤ ਆਪਣੀ ਸਿਹਤ ਨਾਲ ਸੰਬੰਧਤ ਫ਼ੈਸਲੇ ਲੈਣ ਲਈ ਆਜ਼ਾਦ ਹੋਵੇ ਅਤੇ ਉਹ ਬਿਨਾਂ ਕਿਸੇ ਦਬਾਅ ਦੇ ਆਪਣੀ ਸਿਹਤ ਨਾਲ ਸਬੰਧਤ ਸਹੀ ਜਾਣਕਾਰੀ ਸਾਂਝੀ ਕਰ ਸਕੇ। ਇਸ ਮਾਡਲ ਦਾ ਪ੍ਰੋਟੋਟਾਈਪ ਫਿਲਹਾਲ ਚੀਨ 'ਚ ਗਲੋਬਲ ਵਰਤੋਂ ਅਤੇ ਹੋਰ ਟੈਸਟਿੰਗ ਲਈ ਬਣਾਇਆ ਗਿਆ ਹੈ ਪਰ ਖੋਜਕਰਤਾਵਾਂ ਦਾ ਕਹਿਣਾ ਹੈ ਕਿ ਭਵਿੱਖ 'ਚ ਇਸਦਾ ਵਿਸਥਾਰ ਕਈ ਹੋਰ ਦੇਸ਼ਾਂ ਤੱਕ ਕਰਨ ਦੀ ਤਿਆਰੀ ਹੈ।

**AI ਦੇ ਨਵੇਂ ਪ੍ਰਯੋਗ-**
ਖੋਜਕਰਤਾ ਨੇ 19 ਬੇਸਡ ਇਕ ਅਜਿਹਾ ਮਾਡਲ ਤਿਆਰ ਕੀਤਾ ਹੈ, ਜੋ ਪ੍ਰੈਗਨੇਂਸੀ ਤੋਂ ਪਹਿਲਾ ਹੀ ਔਰਤਾਂ ਦੇ ਮਿਸਕੈਰਿਜ ਦੇ ਖ਼ਤਰੇ ਨੂੰ 87 ਪ੍ਰਤੀਸ਼ਤ ਤੱਕ ਪਹਿਚਾਣ ਸਕਦਾ ਹੈ।

**ਸੀਰਮ ਮੈਟਾਬੋਲਾਈਟਸ ਦੀ ਮਹੱਤਵਤਾਂ-**
ਰਿਪੋਰਟ ਦੱਸਦੀ ਹੈ ਕਿ ਪ੍ਰੈਗਨੈਂਸੀ ਤੋਂ ਪਹਿਲਾ ਔਰਤ ਦੇ ਸਰੀਰ ਵਿੱਚ ਮੌਜੂਦ ਸੀਰਮ ਮੈਟਾਬੋਲਾਈਟਸ, ਵਿਸ਼ੇਸ਼ ਰੂਪ ਨਾਲ ਹਿਸਟਡੀਨ, ਮਿਸਕੈਰਿਜ ਦਾ ਕਾਰਨ ਬਣਦਾ ਹੈ।

**ਇੰਟਰੈਕਿਟਵ ਪਲੇਟਫਾਰਮ-**
ਖੋਜਕਰਤਾ ਨੇ ਇੱਕ ਡਿਜੀਟਲ ਪਲੇਟਫਾਰਮ ਵੀ ਬਣਾਇਆ ਹੈ, ਜਿੱਥੇ ਔਰਤਾਂ ਆਪਣੀ ਸਿਹਤ ਨਾਲ ਜੁੜੀ ਜਾਣਕਾਰੀ ਭੇਜ ਕੇ ਗਰਭਪਾਤ ਦਾ ਅੰਦਾਜ਼ਾ ਲਗਾ ਸਕਦੀਆਂ ਹਨ।

# ਰਾਜਸਥਾਨ ਦੇ ਕਾਲਜਾਂ ਦੀਆਂ ਕੰਧਾਂ ਨੂੰ 'ਭਗਵਾ' ਕਰਨ ਦਾ ਹੁਕਮ

**ਸਰਕਾਰ ਦਾ ਕਹਿਣਾ ਹੈ ਕਿ 'ਕਾਇਆਕਲਪ' ਯੋਜਨਾ ਤਹਿਤ ਇਹ ਫੈਸਲਾ ਕਾਲਜਾਂ ਵਿੱਚ ਸ਼ਾਂਤੀਪੂਰਨ ਮਾਹੌਲ ਬਣਾਉਣ ਦੇ ਲਈ ਲਿਆ**




ਜੈਪੁਰ, 12 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਰਾਜਸਥਾਨ ਦੇ ਸਰਕਾਰੀ ਕਾਲਜਾਂ ਨੂੰ ਚਿੱਟੇ ਅਤੇ ਭਗਵੇਂ ਰੰਗਾਂ ਵਿੱਚ ਰੰਗਿਆ ਜਾਵੇਗਾ। ਰਾਜ ਦੀ ਭਜਨ ਲਾਲ ਸ਼ਰਮਾ ਸਰਕਾਰ ਦੇ ਕਾਲਜ ਸਿੱਖਿਆ ਕਮਿਸ਼ਨਰੇਟ ਨੇ ਇਹ ਹੁਕਮ ਜਾਰੀ ਕੀਤੇ ਹਨ। ਕਾਲਜ ਦੀ ਕੰਡਿਆਲੀ ਤਾਰ ਦੇ ਅਗਲੇ ਹਿੱਸੇ ਅਤੇ ਐਂਟਰੀ ਪੁਆਇੰਟ ਨੂੰ ਵ ?ਹਾਈਟ ਗੋਲਡ-8292 ਅਤੇ ਆਰੇਂਜ ਕਰਾਊਨ-7974 ਰੰਗਦਾਰ ਪੇਂਟ ਨਾਲ ਪੇਂਟ ਕਰਨਾ ਹੋਵੇਗਾ। ਇੰਨਾ ਹੀ ਨਹੀਂ, ਵਾਈਲਡਿੰਗ ਨੂੰ ਪੇਂਟ ਕਰਨ ਤੋਂ ਬਾਅਦ ਕਾਲਜਾਂ ਨੂੰ ਸੱਤ ਦਿਨਾਂ ਦੇ ਅੰਦਰ ਕਾਲਜ ਕਮਿਸ਼ਨਰੇਟ ਦੀ ਈਮੇਲ ਆਈਡੀ 'ਤੇ ਇਸ ਦੀ ਫੋਟੋ ਭੇਜਣੀ ਹੋਵੇਗੀ। ਇਸ ਸਕੀਮ ਦੇ ਪਹਿਲੇ ਪੜਾਅ ਵਿੱਚ ਕੁੱਲ 20 ਸਰਕਾਰੀ ਕਾਲਜਾਂ ਨੂੰ ਪੇਂਟ ਕੀਤਾ ਜਾਵੇਗਾ, ਜਿਸ ਵਿੱਚ ਹਰੇਕ ਡਿਵੀਜ਼ਨ ਵਿੱਚੋਂ 2-2ਕਾਲਜ ਲਏ ਜਾਣਗੇ।ਕਾਂਗਰਸ ਨੇ ਸੂਬਾ ਸਰਕਾਰ ਦੇ ਇਸ ਫੈਸਲੇ 'ਤੇ ਸਵਾਲ ਖੜ੍ਹੇ ਕੀਤੇ ਹਨ।ਰਾਜ ਸਰਕਾਰ ਦਾ ਕਹਿਣਾ ਹੈ ਕਿ ਇਹ ਫੈਸਲਾ ਕਾਲਜਾਂ ਵਿੱਚ ਸ਼ਾਂਤੀ ਵਾਲਾ ਮਾਹੌਲ ਬਣਾਉਣ ਲਈ ਲਿਆ ਗਿਆ ਹੈ। ਇਸ ਵਿੱਚ ਕੈਂਪਸ ਦੇ ਮੁੱਖ ਗੇਟ ਨੂੰ ਭਗਵੇਂ ਰੰਗ ਵਿੱਚ ਰੰਗਿਆ ਜਾਵੇਗਾ। ਕਾਲਜ ਕਮਿਸ਼ਨਰੇਟ ਨੇ ਇਸ ਨੂੰ 'ਕਾਇਆਕਲਪ ਯੋਜਨਾ' ਦਾ ਨਾਂ ਦਿੱਤਾ ਹੈ। ਇਸ ਦੇ ਨਾਲ ਹੀ ਵਿਰੋਧੀ ਧਿਰ ਕਾਂਗਰਸ ਨੇ ਸੂਬਾ ਸਰਕਾਰ ਦੇ ਇਸ ਕਦਮ ਦੀ ਆਲੋਚਨਾ ਕਰਦਿਆਂ ਇਸ ਨੂੰ ਵਿਦਿਅਕ ਅਦਾਰਿਆਂ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਦੱਸਿਆ ਹੈ। 'ਕਾਇਆਕਲਪ' ਯੋਜਨਾ ਦੇਸ਼ ਵਿੱਚ ਜਨਤਕ ਸਿਹਤ ਸੁਵਿਧਾਵਾਂ ਵਿੱਚ ਸਫਾਈ, ਸਫਾਈ ਅਤੇ ਲਾਗ ਕੰਟਰੋਲ ਨੂੰ ਉਤਸ਼ਾਹਿਤ ਕਰਨ ਲਈ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੀ ਇੱਕ ਰਾਸ਼ਟਰੀ ਪਹਿਲ ਹੈ। ਕਾਲਜ ਸਿੱਖਿਆ ਵਿਭਾਗ ਦੇ ਸੰਯੁਕਤ ਡਾਇਰੈਕਟਰ (ਯੋਜਨਾ) ਵਿਜੇਂਦਰ ਕੁਮਾਰ ਸ਼ਰਮਾ ਨੇ ਪਿਛਲੇ ਮਹੀਨੇ ਇਸ ਸਬੰਧੀ ਹੁਕਮ ਜਾਰੀ ਕੀਤਾ ਸੀ। ਇਸ ਤਹਿਤ ਕਾਲਜ ਦੀਆਂ ਇਮਾਰਤਾਂ ਦੇ ਸਾਹਮਣੇ ਅਤੇ ਪ੍ਰਵੇਸ਼ ਦੁਆਰ ਦਾ ਰੰਗ 'ਵਾਈਟ ਗੋਲਡ' ਅਤੇ 'ਆਰੇਂਜ ਕਰਾਊਨ' ਹੋਵੇਗਾ। ਆਦੇਸ਼ ਵਿੱਚ ਕਿਹਾ ਗਿਆ ਹੈ, 'ਕਾਲਜ ਉੱਚ ਸਿੱਖਿਆ ਦੇ ਮੁੱਖ ਕੇਂਦਰ ਹਨ। ਕਾਲਜ ਦਾ ਵਿਦਿਅਕ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਕਾਲਜ ਵਿੱਚ ਦਾਖਲ ਹੁੰਦੇ ਹੀ ਸਕਾਰਾਤਮਕ ਮਹਿਸੂਸ ਕਰਨ। ਉਚੇਰੀ ਵਿੱਦਿਆ ਬਾਰੇ ਸਮਾਜ ਵਿੱਚ ਇੱਕ ਚੰਗਾ ਸੁਨੇਹਾ ਜਾਣਾ ਚਾਹੀਦਾ ਹੈ ਅਤੇ ਇਸ ਲਈ ਕਾਲਜਾਂ ਵਿੱਚ ਸਵੱਛ, ਸਿਹਤਮੰਦ ਅਤੇ ਵਿੱਦਿਅਕ ਮਾਹੌਲ ਸਿਰਜਣ ਲਈ ਕਾਲਜਾਂ ਨੂੰ ਮੁੜ ਸੁਰਜੀਤ ਕਰਨਾ ਚਾਹੀਦਾ ਹੈ।'

**ਕਾਂਗਰਸ ਨੇ ਕਿਹਾ, ਸਿੱਖਿਆ ਦਾ ਹੋ ਰਿਹਾ ਸਿਆਸੀਕਰਨ**

ਕਾਂਗਰਸ ਦੇ ਸੂਬਾ ਜਨਰਲ ਸਕੱਤਰ ਚਤੁਰਵੇਦੀ ਨੇ ਇਸ ਨੂੰ ਲੈ ਕੇ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਇਹ ਕਾਲਜਾਂ ਵਿੱਚ ਸਿੱਖਿਆ ਦਾ 'ਸਿਆਸਤੀਕਰਨ' ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਲੋਕਾਂ ਨਾਲ ਕੀਤੇ ਚੋਣ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹੀ ਹੈ। ਸਰਕਾਰ ਕੋਲ ਆਪਣੀਆਂ ਪ੍ਰਾਪਤੀਆਂ ਦੇ ਮਾਮਲੇ ਵਿਚ ਦਿਖਾਉਣ ਲਈ ਕੁਝ ਨਹੀਂ ਹੈ ਅਤੇ ਧਿਆਨ ਹਟਾਉਣ ਲਈ ਉਹ ਅਜਿਹੇ ਕਦਮਾਂ ਦਾ ਸਹਾਰਾ ਲੈ ਰਹੀ ਹੈ।

# ਪੀ.ਐਚ.ਡੀ ਦਾਖਲੇ ਵਿੱਚ ਹਰ ਸਾਲ 10 ਫੀਸਦੀ ਤੋਂ ਜ਼ਿਆਦਾ ਦਾ ਵਾਧਾ, ਸਾਇੰਸ ਸਬਜੈਕਟ ਵਿੱਚ ਇਹ ਸਭ ਤੋਂ ਜ਼ਿਆਦਾ, ਕਾਮਰਸ ਵਿੱਚ ਘੱਟ



ਨਵੀਂ ਦਿੱਲੀ, 12 ਨਵੰਬਰ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)- ਦੇਸ਼ ਵਿੱਚ ਪੀ.ਐਚ.ਡੀ ਦਾਖਲੇ ਹਰ ਸਾਲ 10 ਫ਼ੀਸਦੀ ਤੋਂ ਵੱਧ ਦੀ ਦਰ ਨਾਲ ਵਧ ਰਹੇ ਹੈ। ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਖ਼ੋਜ ਕਾਰਜਾਂ ਲਈ ਵਿਸ਼ੇਸ਼ ਬੁਨਿਆਦੀ ਢਾਂਚਾ ਬਣਾਇਆ ਜਾ ਰਿਹਾ ਹੈ ਅਤੇ ਇਸਦੇ ਨਤੀਜੇ ਵੀ ਸਾਹਮਣੇ ਆ ਰਹੇ ਹਨ। ਜੇਕਰ ਸਟਰੀਮ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਪੀ.ਐਚ.ਡੀ ਵਿੱਚ ਸਭ ਤੋਂ ਵੱਧ ਦਾਖ਼ਲੇ ਸਾਇੰਸ ਵਿਸ਼ਿਆਂ ਵਿੱਚ ਹੋ ਰਹੇ ਹਨ ਅਤੇ ਇਹ ਗਿਣਤੀ ਵਰਤਮਾਨ ਵਿੱਚ ਕਾਮਰਸ ਵਿੱਚ ਸਭ ਤੋਂ ਘੱਟ ਹੈ। ਇਸ ਦੇ ਨਾਲ ਹੀ ਯੂ.ਜੀ.ਸੀ ਨੇ ਉੱਚ ਵਿਦਿਅਕ ਅਦਾਰਿਆਂ ਵਿੱਚ ਬੈਸਟ ਰਿਸਰਚ ਵਰਕ ਦੀ ਪਹਿਚਾਣ ਕਰਨ ਦੇ ਲਈ 'ਪੀ.ਐਚ.ਡੀ ਐਕਸੀਲੈਂਸ ਅਵਾਰਡ' ਲਈ ਦਿਸ਼ਾ-ਨਿਰਦੇਸ਼ਜਾਰੀ ਕੀਤੇ ਹਨ। ਖ਼ੋਜ ਕਾਰਜਾਂ ਲਈ ਜਿਨ੍ਹਾਂ ਵਿਸ਼ਿਆਂ ਵਿੱਚ ਇਹ ਸਨਮਾਨ ਦਿੱਤਾ ਜਾਵੇਗਾ, ਉਨ੍ਹਾਂ ਵਿੱਚ ਵਿਗਿਆਨ (ਖੇਤੀ ਵਿਗਿਆਨ, ਮੈਡੀਕਲ ਸਾਇੰਸਜ਼ ਸਮੇਤ), ਇੰਜੀਨੀਅਰਿੰਗ ਅਤੇ ਤਕਨਾਲੋਜੀ, ਸਮਾਜਿਕ ਵਿਗਿਆਨ (ਸਿੱਖਿਆ ਅਤੇ ਮਨੁੱਖਤਾ), ਭਾਰਤੀ ਭਾਸ਼ਾ ਅਤੇ ਵਣਜ ਅਤੇ ਪ੍ਰਬੰਧਨ ਧਾਰਾ ਸ਼ਾਮਲ ਹਨ।

**ਵਿਗਿਆਨ ਵਿੱਚ ਜ਼ਿਆਦਾ ਪੀਐਚਡੀ ਕਿਉਂ**

ਯੂ.ਜੀ.ਸੀ ਦੇ ਚੇਅਰਮੈਨ ਪ੍ਰੋ. ਐੱਮ. ਜਗਦੀਸ਼ ਨੇ ਕਿਹਾ ਕਿ ਮੁਕਾਬਲੇ ਦੇ ਦੌਰ 'ਚ ਦੁਨੀਆ ਦੇ ਕਈ ਦੇਸ਼ ਵਿਗਿਆਨਕ ਅਤੇ ਤਕਨੀਕੀ ਤਰੱਕੀ 'ਚ ਭਾਰੀ ਨਿਵੇਸ਼ ਕਰ ਰਹੇ ਹਨ। ਭਾਰਤ ਵਰਗੇ ਦੇਸ਼ ਜੋ ਨਵੀਨਤਾ ਵੱਲ ਵਧੇਰੇ ਧਿਆਨ ਦੇ ਰਹੇ ਹਨ, ਵਿਗਿਆਨ ਇੰਜੀਨੀਅਰਿੰਗ ਵਿੱਚ ਪੀ.ਐਚ.ਡੀ ਦੀ ਗਿਣਤੀ ਜ਼ਿਆਦਾ ਹੈ। ਵਿਗਿਆਨ ਇੰਜਨੀਅਰਿੰਗ ਵਿੱਚ ਮਾਹਿਰਾਂ ਦੀ ਮੰਗ ਹੈ ਕਿਉਂਕਿ ਉਦਯੋਗਾਂ ਅਤੇ ਸਰਕਾਰਾਂ ਨੂੰ ਊਰਜਾ, ਸਿਹਤ ਸੰਭਾਲ ਅਤੇ ਤਕਨਾਲੋਜੀ ਵਰਗੇ ਖੇਤਰਾਂ ਵਿੱਚ ਨਵੀਨਤਾ ਦੀ ਬਹੁਤ ਲੋੜ ਹੈ। ਇਹਨਾਂ ਖੇਤਰਾਂ ਵਿੱਚ ਪੀ.ਐਚ.ਡੀ ਧਾਰਕਾਂ ਕੋਲ ਅਕਸਰ ਕਈ ਤਰ੍ਹਾਂ ਦੇ ਕੈਰੀਅਰ ਵਿਕਲਪ ਹੁੰਦੇ ਹਨ। ਉਨਾਂ ਦਾ ਕਹਿਣਾ ਹੈ ਕਿ ਹੁਣ ਯੂ.ਜੀ.ਸੀ ਨੇ ਹਰ ਯੂਨੀਵਰਸਿਟੀ ਕਾਲਜ਼ ਨੂੰ ਖ਼ੋਜ ਕਾਰਜਾਂ ਸਬੰਧੀ ਵਿਸ਼ੇਸ਼ ਦਿਸ਼ਾ-ਨਿਰਦੇਸ਼ ਦਿੱਤੇ ਹਨ। ਯੂ.ਜੀ.ਸੀ ਨੇ ਯੂਨੀਵਰਸਿਟੀਆਂ ਵਿੱਚ ਸ਼ਾਨਦਾਰ ਪੀ.ਐਚ.ਡੀ ਖ਼ੋਜ ਕਾਰਜਾਂ ਨੂੰ ਮਾਨਤਾ ਦੇਣ ਲਈ 'ਪੀ.ਐਚ.ਡੀ ਐਕਸੀਲੈਂਸ ਸਿਟੇਸ਼ਨਜ਼' ਦਾ ਇੱਕ ਨਵਾਂ ਪ੍ਰਯੋਗ ਸ਼ੁਰੂ ਕੀਤਾ ਹੈ। ਦੇਸ਼ ਦੀਆਂ ਵੱਖ-ਵੱਖ ਧਾਰਾਵਾਂ ਵਿੱਚੋਂ ਚੋਟੀ ਦੇ 10 ਪੀ.ਐਚ.ਡੀ ਥੀਸਿਸ ਚੁਣੇ ਜਾਣਗੇ।

**ਕੀ ਕਹਿੰਦੀ ਹੈ ਯੂ.ਜੀ.ਸੀ ਦੀ ਸਟੱਡੀ?**

ਯੂ.ਜੀ.ਸੀ ਦੁਆਰਾ ਕੀਤਾ ਗਿਆ ਇੱਕ ਅਧਿਐਨ ਦਰਸਾਉਂਦਾ ਹੈ ਕਿ ਖ਼ੋਜ ਡਿਗਰੀਆਂ ਲੈਣ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਵਿਗਿਆਨ ਸਟਰੀਮ ਵਿੱਚ ਵੱਧ ਤੋਂ ਵੱਧ 30 ਪ੍ਰਤੀਸ਼ਤ ਪੀ.ਐਚ.ਡੀ ਥੀਸਸ ਪੂਰੇ ਕੀਤੀ ਜਾ ਰਹੇ ਹਨ। ਇੰਜਨੀਅਰਿੰਗ ਅਤੇ ਤਕਨਾਲੋਜੀ ਵਿੱਚ 26 ਫੀਸਦੀ, ਸਮਾਜਿਕ ਵਿਗਿਆਨ ਵਿਸ਼ਿਆਂ ਵਿੱਚ 12 ਫੀਸਦੀ, ਭਾਰਤੀ ਭਾਸ਼ਾ ਵਿੱਚ 6 ਫੀਸਦੀ, ਪ੍ਰਬੰਧਨ ਵਿੱਚ 6 ਫੀਸਦੀ, ਖੇਤੀਬਾੜੀ ਵਿਗਿਆਨ ਵਿੱਚ 4 ਫੀਸਦੀ, ਮੈਡੀਕਲ ਵਿਗਿਆਨ ਵਿੱਚ 5 ਫੀਸਦੀ, ਸਿੱਖਿਆ ਵਿਸ਼ਿਆਂ ਵਿੱਚ 5 ਫੀਸਦੀ, ਕਾਮਰਸ ਵਿੱਚ 3 ਅਤੇ ਵਿਦੇਸ਼ੀ ਭਾਸ਼ਾ ਵਿੱਚ ਪੀ.ਐਚ.ਡੀ ਦੀ ਪ੍ਰਤੀਸ਼ਤਤਾ 3 ਪ੍ਰਤੀਸ਼ਤ ਹੈ। ਜੇਕਰ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 2010-11 'ਚ ਪੀ.ਐੱਚ.ਡੀ. 'ਚ 77798 ਦਾਖਲੇ ਹੋਏ ਸਨ, 2017-18 'ਚ ਇਹ ਗਿਣਤੀ ਦੁੱਗਣੀ ਤੋਂ ਵਧ ਕੇ 1,61,412 ਹੋ ਗਈ ਹੈ। ਇਸ ਅਨੁਸਾਰ, 10 ਪ੍ਰਤੀਸ਼ਤ ਦਾ ਸਾਲਾਨਾ ਵਾਧਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਇਹ ਗਿਣਤੀ ਹੋਰ ਵਧੇਗੀ।

**ਕਾਮਰਸ ਵਿੱਚ ਵਧੇਗਾ ਖ਼ੋਜ ਦਾ ਦਾਇਰਾ**

ਵਿਗਿਆਨ ਬਹੁਤ ਪੁਰਾਣੀ ਧਾਰਾ ਹੈ ਅਤੇ ਇਸ ਨਾਲ ਸਬੰਧਤ ਖ਼ੋਜ ਕਾਰਜ ਸ਼ੁਰੂ ਤੋਂ ਹੀ ਮਹੱਤਵਪੂਰਨ ਰਿਹਾ ਹੈ। ਜਿੱਥੋਂ ਤੱਕ ਕਾਮਰਸ ਦਾ ਸਬੰਧ ਹੈ, ਇਸ ਵਿਸ਼ੇ ਵਿੱਚ ਖ਼ੋਜ ਵਧ ਰਹੀ ਹੈ, ਪਰ ਇਸ ਵਿੱਚ ਅਜੇ ਹੋਰ ਸੁਧਾਰ ਦੀ ਲੋੜ ਹੈ। ਵਣਜ ਵਿੱਚ ਖ਼ੋਜ ਲਈ ਬਹੁਤ ਵਿਸਥਾਰ ਵਿੱਚ ਅਧਿਐਨ ਦੀ ਲੋੜ ਹੁੰਦੀ ਹੈ। ਹੁਣ ਗ੍ਰੈਜੂਏਸ਼ਨ ਵਿੱਚ ਸਾਇੰਸ ਕੋਰਸਾਂ ਦੇ ਨਾਲ-ਨਾਲ ਕਾਮਰਸ ਵਿੱਚ ਵੀ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵੱਧ ਹੈ, ਇਸ ਲਈ ਆਉਣ ਵਾਲੇ ਸਮੇਂ ਵਿੱਚ ਕਾਮਰਸ ਵਿੱਚ ਖ਼ੋਜ ਦਾ ਦਾਇਰਾ ਵੀ ਵਧੇਗਾ। ਕਾਮਰਸ ਦੀਆਂ ਸੀਟਾਂ ਦੀ ਗਿਣਤੀ ਵੀ ਵਧੀ ਹੈ।









ਰੋਜ਼ਾਨਾ
ਵਿਸ਼ਵ ਪੰਜਾਬੀ ਸਾਂਝ
vishavpunjabisanjh@gmail.com

ਮਿਤੀ 12 ਨਵੰਬਰ ਮੰਗਲਵਾਰ 2024




# ਚੀਫ ਜਸਟਿਸ ਚੰਦਰਚੂੜ ਨੇ ਆਪਣੇ ਕਾਰਜਕਾਲ ਦੌਰਾਨ ਕਈ ਮੁਸ਼ਕਿਲ ਵਿਵਾਦਾਂ ਦਾ ਕੱਢਿਆ ਹੱਲ

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦਾ ਦੋ ਸਾਲ ਦਾ ਕਾਰਜ਼ਕਾਲ 10 ਨਵੰਬਰ ਨੂੰ ਖ਼ਤਮ ਹੋ ਗਿਆ ਸੀ। ਆਪਣੇ ਵਿਦਾਇਗੀ ਪ੍ਰੋਗਰਾਮ ਵਿੱਚ ਸੁਪਰੀਮ ਕੋਰਟ ਬਾਰ ਰਾਜੇਸ਼ ਚੌਧਰੀ ਐਸੋਸੀਏਸ਼ਨ ਦੇ ਪ੍ਰਧਾਨ ਕਪਿਲ ਸਿੱਬਲ ਨੇ ਇੱਕ ਮਹੱਤਵਪੂਰਨ ਗੱਲ ਕਹੀਂ ਕਿ ਜਸਟਿਸ ਚੰਦਰਚੂੜ ਨੇ ਆਪਣੇ ਕਾਰਜ਼ਕਾਲ ਦੌਰਾਨ ਬਹੁਤ ਗੁੰਝਲਦਾਰ ਮੁੱਦਿਆਂ 'ਤੇ ਵਿਚਾਰ ਕੀਤਾ ਅਤੇ ਉਨ੍ਹਾਂ 'ਤੇ ਫੈਸਲੇ ਦਿੱਤੇ। ਆਪਣੀ ਸੇਵਾਮੁਕਤੀ ਤੋਂ ਕੁਝ ਦਿਨ ਪਹਿਲਾਂ ਜਸਟਿਸ ਚੰਦਰਚੂੜ ਨੇ ਕਿਹਾ ਸੀ ਕਿ ਉਹ ਇਸ ਗੱਲ ਨੂੰ ਲੈ ਕੇ ਚਿੰਤਤ ਸਨ ਕਿ ਲੋਕ ਉਨ੍ਹਾਂ ਦੇ ਕਾਰਜ਼ਕਾਲ ਨੂੰ ਕਿਵੇਂ ਯਾਦ ਕਰਨਗੇ। ਅਜਿਹੇ 'ਚ ਜੱਜ ਅਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਵਜੋਂ ਦਿੱਤੇ ਗਏ ਉਨ੍ਹਾਂ ਦੇ ਅਹਿਮ ਫੈਸਲਿਆਂ 'ਤੇ ਨਜ਼ਰ ਮਾਰਨਾ ਚੰਗਾ ਹੋਵੇਗਾ।

**ਖਾਣਾਂ 'ਤੇ ਟੈਕਸ**

25 ਜੁਲਾਈ, 2024 ਨੂੰ, ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀ ਅਗਵਾਈ ਵਾਲੇ 9 ਜੱਜਾਂ ਦੇ ਬੈਚ ਨੇ ਕਿਹਾ ਕਿ ਸੰਵਿਧਾਨ ਦੇ ਤਹਿਤ, ਰਾਜਾਂ ਕੋਲ ਖਾਣਾਂ ਅਤੇ ਖਣਿਜਾਂ ਨਾਲ ਭਰਪੂਰ ਜ਼ਮੀਨਾਂ 'ਤੇ ਟੈਕਸ ਲਗਾਉਣ ਦੀ ਵਿਧਾਨਿਕ ਸ਼ਕਤੀ ਹੈ।

**ਰਿਜ਼ਰਵੇਸ਼ਨ ਵਿੱਚ ਉਪ-ਸ਼੍ਰੇਣੀ**

ਸੁਪਰੀਮ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਕਿਹਾ ਸੀ ਕਿ ਸੂਬਾ ਸਰਕਾਰ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਵਿੱਚ ਉਪ-ਸ਼੍ਰੇਣੀਆਂ ਬਣਾ ਕੇ ਰਾਖਵੇਂਕਰਨ ਦਾ ਲਾਭ ਦੇ ਸਕਦੀ ਹੈ। ਸੀਜੇਆਈ ਚੰਦਰਚੂੜ ਦੀ ਅਗਵਾਈ ਵਾਲੀ ਬੈਚ ਨੇ 6:1 ਦੇ ਬਹੁਮਤ ਨਾਲ ਦਿੱਤੇ ਫੈਸਲੇ ਵਿੱਚ ਕਿਹਾ ਸੀ ਕਿ ਰਾਜਾਂ ਕੋਲ ਅਨੁਸੂਚਿਤ ਜਾਤੀਆਂ ਨੂੰ ਰਾਖਵਾਂਕਰਨ ਦੇਣ ਦਾ ਅਧਿਕਾਰ ਹੈ।

**ਧਾਰਾ 370 ਤੇ ਫ਼ੈਸਲਾ**

ਚੀਫ਼ ਜਸਟਿਸ ਚੰਦਰਚੂੜ ਦੀ ਬੈਚ ਨੇ ਇਕ ਹੋਰ ਅਹਿਮ ਮਾਮਲੇ ਵਿੱਚ ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜ਼ਾ ਖ਼ਤਮ ਕਰਨ ਦੇ ਰਾਸ਼ਟਰਪਤੀ ਦੇ ਫ਼ੈਸਲੇ ਨੂੰ ਜਾਇਜ਼ ਠਹਿਰਾਇਆ। ਸੁਪਰੀਮ ਕੋਰਟ ਨੇ ਕਿਹਾ ਕਿ ਧਾਰਾ 370 ਅਸਥਾਈ ਸੀ।

**ਚੋਣ ਬਾਂਡ ਤੇ ਪਾਬੰਧੀ**

ਉਨ੍ਹਾਂ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਚ ਨੇ 15 ਫ਼ਰਵਰੀ ਨੂੰ ਇੱਕ ਇਤਿਹਾਸਕ ਫੈਸਲੇ ਵਿੱਚ ਸਿਆਸੀ ਪਾਰਟੀਆਂ ਨੂੰ ਦਿੱਤੇ ਜਾਣ ਵਾਲੇ ਚੰਦੇ ਲਈ ਤਹਿ ਇਲੈਕਟੋਰਲ (ਚੋਣ)ਬਾਂਡ ਨੂੰ ਰੱਦ ਕਰ ਦਿੱਤਾ । ਇਸ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਕਿਹਾ ਕਿ ਉਹ ਸਿਆਸੀ ਪਾਰਟੀਆਂ ਵੱਲੋਂ ਇਲੈਕਟੋਰਲ (ਚੋਣ)ਬਾਂਡ ਦੀ ਨਕਦੀ ਨਾਲ ਸਬੰਧਤ ਸਾਰੇ ਵੇਰਵੇ ਜਨਤਕ ਕਰਨ।



**ਪਿਤਾ ਦੇ ਫੈਸਲੇ ਦੀ ਸਮੀਖਿਆ**

24 ਅਗਸਤ 2017 ਨੂੰ 9 ਜੱਜਾਂ ਦੇ ਸੰਵਿਧਾਨਕ ਬੈਚ ਨੇ 1976 ਵਿੱਚ 5 ਮੈਂਬਰੀ ਬੈਚ ਦੇ ਫੈਸਲੇ ਨੂੰ ਗਲਤ ਕਰਾਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਐਮਰਜੈਂਸੀ ਦੌਰਾਨ ਆਰਟੀਕਲ 21 (ਜੀਵਨ ਅਤੇ ਨਿੱਜੀ ਆਜ਼ਾਦੀ) ਨੂੰ ਮੁਅੱਤਲ ਕੀਤਾ ਜਾ ਸਕਦਾ ਹੈ। 1976 ਵਾਲੇ ਜੱਜਾਂ ਦੇ ਬੈਚ ਵਿੱਚ ਜਸਟਿਸ ਡੀਵਾਈ ਚੰਦਰਚੂੜ ਦੇ ਪਿਤਾ ਜਸਟਿਸ ਵਾਈਵੀ ਚੰਦਰਚੂੜ ਵੀ ਸ਼ਾਮਿਲ ਸਨ। ਜਦਕਿ ਉਕਤ ਫੈਸਲੇ ਦੀ ਸਮੀਖਿਆ ਕਰਨ ਵਾਲੇ ਬੈਚ ਵਿੱਚ ਜਸਟਿਸ ਡੀਵਾਈ ਚੰਦਰਚੂੜ ਸ਼ਾਮਿਲ ਸਨ।

**ਅਸਹਿਮਤੀ 'ਤੇ ਜ਼ੋਰ**

28 ਸਤੰਬਰ 2018 ਨੂੰ ਜਸਟਿਸ ਚੰਦਰਚੂੜ ਨੇ ਕਿਹਾ ਸੀ ਕਿ ਅਸਹਿਮਤੀ ਵਾਈਬਰੇਟ ਲੋਕਤੰਤਰ ਦੀ ਪਹਿਚਾਣ ਹੈ। ਭੀਮਾ ਕੋਰੇਗਾਓਂ ਹਿੰਸਾ ਮਾਮਲੇ ਵਿੱਚ ਪੰਜ ਹਿਊਮਨ ਰਾਈਟਸ ਐਕਟੀਵਿਸਟ ਦੀ ਗ੍ਰਿਫਤਾਰੀ ਨਾਲ ਜੁੜੇ ਮਾਮਲੇ ਵਿੱਚ ਉਹਨਾਂ ਨੇ ਕਿਹਾ ਸੀ ਕਿ ਅਸਹਿਮਤੀ ਲੋਕਤੰਤਰ ਦਾ ਸੇਫਟੀ ਵਾਲਵ ਹੈ ਜੇਕਰ ਤੁਸੀਂ ਇਸ ਦੀ ਇਜਾਜ਼ਤ ਨਹੀਂ ਦਿਉਗੇ ਤਾਂ ਪ੍ਰੈਸ਼ਰ ਵਾਲਵ ਫੱਟ ਜਾਵੇਗਾ

**ਅਯੁੱਧਿਆ ਵਿਵਾਦ 'ਤੇ ਫੈਸਲਾ**

9 ਨਵੰਬਰ 2019 ਨੂੰ ਸੁਪਰੀਮ ਕੋਰਟ ਨੇ ਅਯੁੱਧਿਆ ਮਾਮਲੇ 'ਚ ਫੈਸਲਾ ਦਿੱਤਾ। ਸੁਪਰੀਮ ਕੋਰਟ ਨੇ ਕਿਹਾ ਸੀ ਕਿ 2.77 ਏਕੜ ਦੀ ਵਿਵਾਦ ਵਾਲੀ ਜਮੀਨ ਤੇ ਹੀ ਰਾਮ ਮੰਦਰ ਦਾ ਨਿਰਮਾਣ ਹੋਵੇਗਾ।

**ਸਬਰੀਮਲਾ ਵਿਵਾਦ**

ਸੁਪਰੀਮ ਕੋਰਟ ਨੇ 28 ਸਤੰਬਰ 2018 ਵਿੱਚ ਕੇਰਲ ਦੇ ਸਬਰੀਮਲਾ ਮੰਦਰ ਵਿੱਚ ਹਰ ਉਮਰ ਦੀਆਂ ਔਰਤਾਂ ਨੂੰ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਸੀ। ਅਦਾਲਤ ਨੇ ਮੰਦਰ 'ਚ ਔਰਤਾਂ ਦੇ ਦਾਖ਼ਲੇ 'ਤੇ ਪਾਬੰਦੀ ਨੂੰ ਲਿੰਗ ਦੇ ਆਧਾਰ 'ਤੇ ਭੇਦਭਾਵ ਵਾਲੀ ਕਾਰਵਾਈ ਕਰਾਰ ਦਿੰਦਿਆਂ ਕਿਹਾ ਸੀ ਕਿ ਇਹ ਹਿੰਦੂ ਔਰਤਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ।

**ਬੇਵਫ਼ਾਈ ਕਾਨੂੰਨ**

27 ਸਤੰਬਰ 2018 ਨੂੰ ਸੁਪਰੀਮ ਕੋਰਟ ਨੇ ਅਡਲਟਰੀ ਕਾਨੂੰਨ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਖ਼ਾਰਜ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਅਡਲਟਰੀ ਕਾਨੂੰਨ ਔਰਤ ਨੂੰ ਪਤੀ ਦਾ ਗੁਲਾਮ ਅਤੇ ਉਸਦੀ ਸੰਪਤੀ ਦੀ ਤਰ੍ਹਾਂ ਬਣਾ ਦਿੰਦਾ ਹੈ। ਜਸਟਿਸ ਇਸ ਫ਼ੈਸਲੇ ਦਾ ਪਾਰਟ ਸਨ।

**ਸਮਲਿੰਗਤਾ ਕੋਈ ਅਪਰਾਧ ਨਹੀਂ**

6 ਨਵੰਬਰ 2018 ਵਿੱਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਬਾਲਗਾਂ ਵਿੱਚ ਸਹਿਮਤੀ ਨਾਲ ਬਣਾਏ ਗਏ ਸਮਲਿੰਗੀ ਸਬੰਧ ਅਪਰਾਧ ਨਹੀਂ ਹੋਣਗੇ। ਅਦਾਲਤ ਨੇ ਇਸ ਵਿਵਸਥਾ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਇਸ ਨੂੰ ਸਮਾਨਤਾ ਅਤੇ ਜੀਵਨ ਦੇ ਅਧਿਕਾਰ ਦਾ ਉਲੰਘਣ ਕਰਾਰ ਦਿੱਤਾ ਸੀ।

**ਬਾਲ ਪੋਰਨੋਗ੍ਰਾਫੀ ਦੇ ਖਿਲਾਫ**

23 ਸਤੰਬਰ, 2024 ਨੂੰ ਚੀਫ਼ ਜਸਟਿਸ ਚੰਦਰਚੂੜ ਦੀ ਅਗਵਾਈ ਵਾਲੀ ਬੈਚ ਨੇ ਕਿਹਾ ਕਿ ਬਾਲ ਪੋਰਨੋਗ੍ਰਾਫੀ ਨੂੰ ਡਾਊਨਲੋਡ ਕਰਨਾ ਅਤੇ ਦੇਖਣਾ ਦੋਵੇਂ ਪੋਕਸੋ ਦੇ ਤਹਿਤ ਅਪਰਾਧ ਹਨ। ਸੁਪਰੀਮ ਕੋਰਟ ਨੇ ਸੰਸਦ ਨੂੰ ਸੁਝਾਅ ਦਿੱਤਾ ਸੀ ਕਿ ਕਾਨੂੰਨ ਵਿੱਚ ਇਸਦੀ ਬਜਾਏ ਚਾਈਲਡ ਸੈਕਸੁਅਲੀ ਅਬਿਊਸਿਵ ਐਂਡ ਐਕਸਪਲੋਆਇਟਿਵ ਮੈਟੀਰੀਅਲ (CSEAM) ਸ਼ਬਦ ਦੀ ਵਰਤੋਂ ਕਰੋ।

**ਯਾਦਗਾਰੀ ਕਦਮ**

ਜਸਟਿਸ ਚੰਦਰਚੂੜ ਦੇ ਕਾਰਜ਼ਕਾਲ ਦੌਰਾਨ ਕਈ ਮਹੱਤਵਪੂਰਨ ਪ੍ਰਸ਼ਾਸਨਿਕ ਫੈਸਲੇ ਵੀ ਲਏ ਗਏ। ਉਨ੍ਹਾਂ ਨੇ ਔਰਤਾਂ ਵਿਰੁੱਧ ਰੂੜੀਵਾਦੀ ਸ਼ਬਦਾਵਲੀ ਦੀ ਵਰਤੋਂ ਨੂੰ ਰੋਕਣ, ਅਦਾਲਤੀ ਕਾਰਵਾਈ ਦੀ ਲਾਈਵ ਸਟਰੀਮਿੰਗ, ਨਿਆਂ ਦੀ ਦੇਵੀ ਦੀਆਂ ਅੱਖਾਂ ਤੋਂ ਪੱਟੀ ਹਟਾਉਣ ਵਰਗੇ ਕਈ ਕਦਮ ਚੁੱਕੇ। ਜਦੋਂ ਇਤਿਹਾਸ ਉਨ੍ਹਾਂ ਦੇ ਕਾਰਜ਼ਕਾਲ 'ਤੇ ਨਜ਼ਰ ਮਾਰੁਗਾ ਤਾਂ ਤਾਂ ਨਿਸ਼ਚਿਤ ਤੌਰ 'ਤੇ ਉਨ੍ਹਾਂ ਦੇ ਦੂਰਗਾਮੀ ਪ੍ਰਭਾਵ ਵਾਲੇ ਫੈਸਲਿਆਂ ਨੂੰ ਯਾਦ ਕਰੁਗਾ।







**ਜ਼ਰੂਰੀ ਸੂਚਨਾਂ**

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


BRAMPTON CASH AND CARRY
WHOLESALER
IMPORTER
DISTRIBUTOR
RETAILER
Wholesaler, Importer, Distributor & Retailer of Restaurants Supply
BRAMPTON
CASH & CARRY
Brampton CashandCarry2023@gmail.com
905-230-4800
100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

ROYAL SHIELD GROUP

# SUPER VISA INSURANCE

**EMERGENCY MEDICAL INSURANCE FOR**

- STUDENTS
- WORK PERMIT HOLDERS
- VISITORS

## TEHAL SINGH BRAR
**INSURANCE ADVISOR**

**905-782-2013**

**SAHAS BRAR**

**416-660-6151**








## CHILD PLAN

**Do you want to give a Life Time Gift to your Child? Call Now to set up this plan!**

- A MAGICAL POLICY
- 20 Years To Pay!